a2zpapers.com

**Sr. No. 3464**

**Exam Code: 112102**
**Subject Code: 3554**

**B.Design (Multimedia) - 2nd Semester**

**(2519)**

**Paper: Paper-VII (ii) Mudhli Punjabi**

**Time allowed: 3 hrs.** **Max. Marks: 50**

ਨੋਟ: ਕੁੱਲ ਪੰਜ ਪ੍ਰਸ਼ਨ ਕਰਨੇ ਹਨ। ਹਰ ਭਾਗ ਵਿਚੋਂ ਇੱਕ ਪ੍ਰਸ਼ਨ ਲਾਜ਼ਮੀ ਹੈ। ਪੰਜਵਾਂ ਪ੍ਰਸ਼ਨ ਕਿਸੇ ਵੀ ਭਾਗ ਵਿਚੋਂ ਕੀਤਾ ਜਾ ਸਕਦਾ ਹੈ। ਸਾਰੇ ਪ੍ਰਸ਼ਨਾਂ ਦੇ ਅੰਕ ਬਰਾਬਰ ਹਨ।

ਭਾਗ-ੳ

1. ੳ. ਕਿਰਿਆ ਵਿਸ਼ੇਸ਼ਣ ਨੂੰ ਪਰਿਭਾਸ਼ਿਤ ਕਰਦਿਆਂ ਇਸ ਦੇ ਰੂਪਾਂ ਨੂੰ ਉਦਾਹਰਨਾਂ ਦੇ ਕੇ ਸਪਸ਼ਟ ਕਰੋ।
   ਅ. ਵਿਸਮਿਕ ਸ਼ਬਦ ਕੀ ਹੁੰਦੇ ਹਨ? ਇਨ੍ਹਾਂ ਦੀਆਂ ਪੰਜ ਉਦਾਹਰਨਾਂ ਵਾਕਾਂ ਵਿਚ ਦਿਓ। (10)

2. ੳ. ਪੜਨਾਂਵ ਨੂੰ ਪਰਿਭਾਸ਼ਿਤ ਕਰਦਿਆਂ ਇਸ ਦੀਆਂ ਕਿਸਮਾਂ ਨੂੰ ਉਦਾਹਰਨਾਂ ਦੇ ਕੇ ਸਪਸ਼ਟ ਕਰੋ।
   ਅ. ਕਿਰਿਆ ਤੋਂ ਕੀ ਭਾਵ ਹੈ। ਇਸ ਦੀਆਂ ਕਿਸਮਾਂ 'ਤੇ ਇਕ ਨੋਟ ਲਿਖੋ। (10)

ਭਾਗ-ਅ

3. ਹੇਠ ਲਿਖੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਓ।
   ੳ. ਸੰਯੁਕਤ ਵਾਕ ਕੀ ਹੁੰਦਾ ਹੈ? ਇਸ ਦੀਆਂ ਪੰਜ ਉਦਾਹਰਨਾਂ ਵਾਕਾਂ ਵਿਚ ਦਿਓ।
   ਅ. ਕਾਰਜ ਦੇ ਅਧਾਰ 'ਤੇ ਵਾਕ ਵੰਡ ਕਰਦਿਆਂ ਵਾਕਾਂ ਦੀਆਂ ਕਿਸਮਾਂ ਨੂੰ ਉਦਾਹਰਨਾਂ ਦੇ ਕੇ ਸਪਸ਼ਟ ਕਰੋ। (10)

4. ੳ. ਬਣਤਰ ਦੇ ਆਧਾਰ 'ਤੇ ਵਾਕ ਵੰਡ ਕਰਦਿਆਂ ਵਾਕਾਂ ਦੀਆਂ ਕਿਸਮਾਂ ਨੂੰ ਉਦਾਹਰਨਾਂ ਦੇ ਕੇ ਸਪਸ਼ਟ ਕਰੋ।
   ਅ. ਹੁਕਮੀ ਵਾਕ ਨੂੰ ਪਰਿਭਾਸ਼ਿਤ ਕਰਦਿਆਂ ਪੰਜ-ਪੰਜ ਵਾਕ ਬਣਾਓ। (10)

ਭਾਗ-ੲ

5. ਹੇਠ ਲਿਖੇ ਵਿਸ਼ਿਆਂ ਵਿਚੋਂ ਕਿਸੇ ਇਕ ਉਤੇ ਪੈਰ੍ਹਾ ਰਚਨਾ ਲਿਖੋ ।

   (ੳ) ਬੇਰੁਜ਼ਗਾਰੀ (ਅ) ਸੋਸ਼ਲ ਮੀਡੀਆ ਦੇ ਲਾਭ ਅਤੇ ਹਾਨੀਆਂ (ੲ) ਵਿਦਿਆਰਥੀ ਅਤੇ ਫੈਸ਼ਨ (10)

6. ਹੇਠ ਲਿਖੇ ਪੈਰ੍ਹੇ ਦੀ ਸੰਖੇਪ ਰਚਨਾ ਕਰੋ ।

ਜਨ ਸੰਪਰਕ ਦੇ ਹਰ ਕਾਰਜ ਅਤੇ ਹਰ ਪੱਖ ਦੀ ਸਫ਼ਲਤਾ ਇਕ ਚੀਜ਼ 'ਤੇ ਨਿਰਭਰ ਕਰਦੀ ਹੈ, ਉਹ ਹੈ-ਸੰਚਾਰ। ਜੇ ਸੰਚਾਰ ਹੀ ਸਾਫ਼ ਅਤੇ ਸਫ਼ਲ ਨਹੀਂ ਹੋਵੇਗਾ ਤਾਂ ਜਨ ਸੰਪਰਕ ਦੇ ਸਭ ਸਾਧਨ ਅਤੇ ਮਾਧਿਅਮ ਨਿਸਫਲ ਹੋ ਜਾਣਗੇ। ਇਹ ਕਿਹਾ ਜਾ ਚੁੱਕਿਆ ਹੈ ਕਿ ਜਨ ਸੰਪਰਕ ਦੂਜੇ ਦੀ ਰਾਇ ਨੂੰ ਪ੍ਰਭਾਵਿਤ ਕਰਕੇ ਆਪਣੇ ਨਾਲ ਸਹਿਮਤ ਕਰਨਾ ਹੈ। ਰਾਇ ਨੂੰ ਪ੍ਰਭਾਵਿਤ ਕਰਨ ਦੇ ਕਈ ਢੰਗ ਹਨ- ਸ਼ਕਤੀ ਦੀ ਵਰਤੋਂ, ਧਨ, ਖ਼ਰਚ ਜਾਂ ਪ੍ਰੇਰਨਾ ਦੁਆਰਾ। ਜਨ ਸੰਪਰਕ ਸਿਰਫ਼ ਇਕੋ ਹੀ ਸਾਧਨ ਵਰਤਦਾ ਹੈ ਅਤੇ ਉਹ ਹੈ ਪ੍ਰੇਰਨਾ ਅਤੇ ਸਿਰਫ਼ ਸੰਚਾਰ ਦੁਆਰਾ ਪ੍ਰੇਰਨਾ। ਇਸ ਲਈ ਸੰਚਾਰ ਨੂੰ ਜਨ ਸੰਪਰਕ ਪ੍ਰਕਿਰਿਆ ਵਿਚ ਮਹੱਤਵਪੂਰਨ ਸਥਾਨ ਦਿੱਤਾ ਜਾਂਦਾ ਹੈ। ਸਫ਼ਲ ਸੰਚਾਰ ਉਹੀ ਹੈ ਜਿਸ ਰਾਹੀਂ ਸੂਚਨਾ ਦੇਣ ਵਾਲੇ ਅਤੇ ਸੂਚਨਾ ਲੈਣ ਵਾਲੇ ਵਿਚਕਾਰ ਵੱਧ ਤੋਂ ਵੱਧ ਸਾਂਝ ਪੈਦਾ ਕੀਤੀ ਜਾ ਸਕੇ। ਚੰਗੇ ਸੰਚਾਰ ਦੁਆਰਾ ਹੀ ਪ੍ਰੇਰਨਾ ਦਿੱਤੀ ਜਾ ਸਕਦੀ ਹੈ ਅਤੇ ਚੰਗੇ ਸੰਚਾਰ ਦੁਆਰਾ ਹੀ ਕਿਸੇ ਨਾਲ ਤਾਲਮੇਲ ਕਾਇਮ ਰੱਖਿਆ ਜਾ ਸਕਦਾ ਹੈ। ਸੰਸਕ੍ਰਿਤ ਬੋਲੀ ਤੋਂ ਲਿਆ ਗਿਆ ਸ਼ਬਦ 'ਸੰਚਾਰ' ਦਾ ਅਰਥ ਹੈ ਕਿਸੇ ਵਸਤੂ ਦਾ ਇਕ ਥਾਂ ਤੋਂ ਦੂਜੀ ਥਾਂ ਲਿਜਾਣਾ। ਇਥੇ ਇਸ ਨੂੰ ਇਕ ਮਨੁੱਖ ਦੇ ਵਿਚਾਰ ਅਤੇ ਭਾਵਾਂ ਨੂੰ ਦੂਜੇ ਮਨੁੱਖ ਤੱਕ ਲਿਜਾਣ ਦੇ ਸੰਦਰਭ ਵਿਚ ਵਰਤਿਆ ਹੈ। ਸੰਚਾਰ ਦੇ ਮਨੁੱਖਾਂ ਵਿਚਕਾਰ ਵਿਚਾਰਾਂ ਦੇ ਪ੍ਰਗਟਾਵੇ ਦੁਆਰਾ ਸਾਂਝ ਪਾਉਣ ਦਾ ਇਕ ਸਾਧਨ ਬਣ ਜਾਂਦਾ ਹੈ। (10)

PTO

www.a2zpapers.com www.a2zpapers.com
Download free old Question papers gndu, ptu hp board, punjab board

a2zpapers.com

Sr. No. 3464



ਪ੍ਰਸ਼ਨ 7. ਹੇਠ ਲਿਖੇ ਮੁਹਾਵਰੇ ਅਤੇ ਅਖਾਣਾਂ ਵਿਚੋਂ ਪੰਜ ਨੂੰ ਵਾਕਾਂ ਵਿਚ ਵਰਤੋ:
ਉਂਗਲ ਕਰਨੀ, ਚਾਂਦੀ ਦੀ ਜੁੱਤੀ ਮਾਰਨਾ, ਅੱਖਾਂ ਫੇਰਨੀਆਂ, ਅੰਨ੍ਹਾ ਕੀ ਭਾਲੇ ਦੋ ਅੱਖਾਂ, ਕੰਧਾਂ ਦੇ ਵੀ ਕੰਨ ਹੁੰਦੇ ਹਨ, ਆਪਣੀਆਂ ਨਾ ਦਸੀਏ,ਪਰਾਈਆਂ ਕਰ ਕਰ ਹੱਸੀਏ (10)

8. ਆਪਣੇ ਕਾਲਜ ਦੇ ਪ੍ਰਿੰਸੀਪਲ ਨੂੰ ਕਾਲਜ ਵਿਚ ਇਕ ਸੈਮੀਨਾਰ ਕਰਵਾਉਣ ਦੀ ਆਗਿਆ ਲੈਣ ਲਈ ਬਿਨੈ ਪੱਤਰ ਲਿਖੋ।(10)

********



www.a2zpapers.com
www.a2zpapers.com
Download free old Question papers gndu, ptu hp board, punjab board